## ਪਾਠ-17

## ਲਾਲਾ ਲਾਜਪਤ ਰਾਏ (ਲੇਖਕ-ਬਲਵੰਤ ਗਾਰਗੀ)

### 1. ਪ੍ਰਸ਼ਨ/ਉੱਤਰ



**ਪ੍ਰਸ਼ਨ ੳ. ਲਾਲਾ ਲਾਜਪਤ ਰਾਏ ਜੀ ਦੇ ਬਚਪਨ ਉੱਤੇ ਨਾਨਕੇ-ਪਰਿਵਾਰ ਦਾ ਕੀ ਪ੍ਰਭਾਵ ਪਿਆ?**
ਉੱਤਰ : ਲਾਲਾ ਜੀ ਦੇ ਨਾਨਕੇ ਸਿੱਖ ਹੋਣ ਕਾਰਨ ਉਹਨਾਂ ਨੂੰ ਨਾਨਕਿਆਂ ਤੋਂ ਗੁਰਬਾਣੀ ਅਤੇ ਸ਼ਬਦਾ ਦਾ ਰਸ ਪ੍ਰਾਪਤ ਹੋਇਆ।

**ਪ੍ਰਸ਼ਨ ਅ. ਲਾਲਾ ਜੀ ਪੇਸ਼ੇ ਵਜੋਂ ਵਕੀਲ ਸਨ। ਉਹਨਾਂ ਦਾ ਆਪਣੇ ਪੇਸ਼ੇ ਵਿਚ ਕਾਮਯਾਬ ਹੋਣ ਦਾ ਕੀ ਰਾਜ ਸੀ?**
ਉੱਤਰ : ਲਾਲਾ ਜੀ ਹਰ ਮੁਕੱਦਮੇ ਨੂੰ ਗਹੁ ਨਾਲ਼ ਪਰਖ ਕੇ ਦੋਹਾਂ ਪੱਖਾਂ ਦੀਆਂ ਦਲੀਲਾਂ ਧਿਆਨ ਨਾਲ਼ ਸੁਣਦੇ। ਉਹ ਵਿਰੋਧੀ ਧਿਰ ਦੀਆਂ ਦਲੀਲਾਂ ਆਪ ਹੀ ਸੋਚ ਕੇ ਪਹਿਲਾਂ ਹੀ ਜੁਆਬ ਤਿਆਰ ਕਰ ਲੈਂਦੇ ਸਨ।

**ਪ੍ਰਸ਼ਨ ੲ. ਲਾਲਾ ਲਾਜਪਤ ਰਾਏ ਨੂੰ 'ਪੰਜਾਬ ਕੇਸਰੀ' ਕਿਉਂ ਕਿਹਾ ਜਾਂਦਾ ਹੈ?**
ਉੱਤਰ : ਲਾਲਾ ਜੀ ਵਲੋਂ ਦੇਸ਼ ਦੀ ਅਜਾਦੀ ਲਈ ਹੁੰਦੇ ਵੱਡੇ-ਵੱਡੇ ਜਲਸਿਆਂ ਵਿਚ ਸ਼ੇਰ ਵਾਂਗ ਗੱਜਣ ਕਰਕੇ ਲੋਕ ਉਨ੍ਹਾਂ ਨੂੰ 'ਪੰਜਾਬ ਕੇਸਰੀ' ਆਖਦੇ ਸਨ।

**ਪ੍ਰਸ਼ਨ ਸ. ਲਾਲਾ ਜੀ ਦੇ ਭਾਸ਼ਨ ਨੂੰ ਸੁਣ ਕੇ ਅਮਰੀਕਾ ਦੇ ਲੋਕਾਂ ਦੀਆਂ ਅੱਖਾਂ ਕਿਵੇਂ ਖੁੱਲ੍ਹ ਗਈਆਂ?**
ਉੱਤਰ : ਲਾਲਾ ਜੀ ਨੇ ਆਪਣੇ ਭਾਸ਼ਨਾ ਰਾਂਹੀ ਦੱਸਿਆ ਕਿ ਹਿੰਦੁਸਤਾਨੀ ਆਪਣੇ ਹੱਕਾਂ ਦੀ ਮੰਗ ਕਰਨ ਵਾਲੇ, ਇਨਸਾਫ਼ ਲਈ ਲੜਨ ਵਾਲੇ ਤੇ ਕੁਰਬਾਨੀਆਂ ਕਰਨ ਵਾਲੇ ਸਮਝਦਾਰ ਲੋਕ ਹਨ। ਇਸ ਸੁਣ ਕਿ ਅਮਰੀਕੀ ਲੋਕਾਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ।

**ਪ੍ਰਸ਼ਨ ਹ. "ਲਾਲਾ ਜੀ ਵਲੋਂ ਇਹ ਮਿਸ ਮਿਓ ਦੇ ਮੂੰਹ 'ਤੇ ਚਪੇੜ ਸੀ।" ਦੱਸੋ ਕਿਵੇਂ?**
ਉੱਤਰ : ਹਿੰਦੁਸਤਾਨ ਨੂੰ ਦੁਨੀਆ ਵਿਚ ਭੰਡਣ ਵਾਲ਼ੀ ਮਿਸ ਮਿਓ ਦੇ ਮੂੰਹ 'ਤੇ ਚਪੇੜ ਮਾਰਨ ਲਈ ਲਾਲਾ ਜੀ ਨੇ ਆਪਣੀ ਕਿਤਾਬ 'ਦੁਖੀ ਭਾਰਤ' ਰਾਂਹੀ ਆਖਿਆ, "ਮਿਸ ਮਿਓ ਨੇ ਕਿਸੇ ਭੰਗਣ ਵਾਂਗ ਸਾਡੇ ਮੁਲਕ ਦੀਆਂ ਨਾਲੀਆਂ ਦਾ ਗੰਦ ਫ਼ਰੋਲਿਆ ਹੈ।"

**ਪ੍ਰਸ਼ਨ ਕ. ਲਾਲਾ ਜੀ ਹੋਰਾਂ ਨੇ ਸਾਈਮਨ ਕਮਿਸ਼ਨ ਦੇ ਵਿਰੁੱਧ ਜਲੂਸ ਕਿਉਂ ਕੱਢਿਆ ਸੀ?**
ਉੱਤਰ : ਹਿੰਦੁਸਤਾਨੀਆਂ ਨੂੰ ਇਸ ਕਮਿਸ਼ਨ ਦਾ ਗਠਨ ਮਨਜ਼ੂਰ ਨਾ ਹੋਣ ਕਾਰਨ ਉਹ ਉਸਨੂੰ ਵਾਪਸ ਜਾਣ ਲਈ ਕਹਿ ਰਹੇ ਸਨ। ਇਸੇ ਕਰਕੇ ਲਾਲਾ ਜੀ ਨੇ ਉਸ ਵਿਰੁੱਧ ਜਲੂਸ ਕੱਢਿਆ ਸੀ।

**ਪ੍ਰਸ਼ਨ ਖ. ਲਾਲਾ ਜੀ ਨੂੰ ਹਸਪਤਾਲ ਕਿਉਂ ਲੈ ਕੇ ਜਾਣਾ ਪਿਆ ਸੀ?**
ਉੱਤਰ : ਮੁਜ਼ਾਹਰੇ ਦੀ ਅਗਵਾਈ ਕਰਦਿਆਂ ਲਾਲਾ ਜੀ ਪੁਲਿਸ ਦੀਆਂ ਡਾਂਗਾਂ ਨਾਲ ਬੁਰੀ ਤਰਾਂ ਫੱਟੜ ਹੋ ਗਏ। ਇਸ ਕਰਕੇ ਉਨ੍ਹਾਂ ਨੂੰ ਹਸਪਤਾਲ ਲੈ ਕੇ ਜਾਣਾ ਪਿਆ ।

**ਪ੍ਰਸ਼ਨ ਗ. ਲਾਲਾ ਜੀ ਦੀ ਅਰਥੀ ਨਾਲ਼ ਜਾ ਰਹੇ ਜਲੂਸ ਵਿਚ ਕੌਣ-ਕੌਣ ਸ਼ਾਮਿਲ ਸਨ?**
ਉੱਤਰ : ਲਾਲਾ ਜੀ ਦੀ ਅਰਥੀ ਨਾਲ ਜਾ ਰਹੇ ਜਲੂਸ ਵਿਚ ਪ੍ਰੋਫ਼ੈਸਰ, ਵਿਦਿਆਰਥੀ, ਵਕੀਲ, ਜੱਜ, ਦੁਕਾਨਦਾਰ, ਅਫ਼ਸਰ, ਮਜ਼ਦੂਰ ਆਦਿ ਸਭ ਵਰਗਾਂ ਦੇ ਲੋਕ ਸ਼ਾਮਿਲ ਸਨ।

**ਪ੍ਰਸ਼ਨ ਘ. ਪੰਡਿਤ ਜਵਾਹਰ ਲਾਲ ਨਹਿਰੂ ਨੇ ਕਿਹੜਾ ਮਤਾ ਪਾਸ ਕੀਤਾ?**
ਉੱਤਰ : ਰਾਵੀ ਦੇ ਕਿਨਾਰੇ ਪੰਡਿਤ ਜਵਾਹਰ ਲਾਲ ਨਹਿਰੂ ਨੇ ਦੇਸ਼ ਲਈ ਮੁਕੰਮਲ ਅਜ਼ਾਦੀ ਦੀ ਮੰਗ ਦਾ ਮਤਾ ਪਾਸ ਕੀਤਾ ਤੇ ਤਿਰੰਗਾ ਝੁਲਾਇਆ।

### 2. ਵਾਕਾਂ ਵਿਚ ਵਰਤੋ :

1. **ਦਿਲ ਵਿਚ ਉੱਤਰ ਜਾਣਾ (ਦਿਲ ਵਿਚ ਬਹਿ ਜਾਣਾ)-** ਲਾਲਾ ਜੀ ਦੀਆਂ ਗੱਲਾਂ ਸਾਰਿਆਂ ਦੇ ਦਿਲ ਵਿਚ ਉੱਤਰ ਜਾਂਦੀਆਂ ਸਨ।
2. **ਟੱਕਰ ਲੈਣੀ (ਮੁਕਾਬਲਾ ਕਰਨਾ)-** ਸਿੱਖਾਂ ਨੇ ਮੁਗਲ ਸਾਮਰਾਜ ਨਾਲ਼ ਟੱਕਰ ਲਈ ਤੇ ਕਈ ਲੜ੍ਹਾਈਆਂ ਜਿੱਤੀਆਂ।
3. **ਸਿਰ-ਧੜ ਦੀ ਬਾਜ਼ੀ ਲਾਉਣੀ (ਜਾਨ ਦੀ ਪਰਵਾਹ ਕੀਤੇ ਬਿਨਾਂ ਸੰਘਰਸ਼ ਕਰਨਾ)-** ਲਾਲਾ ਜੀ ਨੇ ਸਾਈਮਨ ਕਮਿਸ਼ਨ ਦੇ ਵਿਰੋਧ ਲਈ ਸਿਰ ਧੜ ਦੀ ਬਾਜ਼ੀ ਲਾ ਦਿੱਤੀ।
4. **ਅਣਹੋਣੀ (ਨਾ ਹੋ ਸਕਣ ਵਾਲ਼ੀ )-** ਹਿੰਮਤੀ ਲੋਕਾਂ ਅਣਹੋਣੀ ਨੂੰ ਵੀ ਹੋਣੀ ਵਿਚ ਬਦਲ ਦਿੰਦੇ ਹਨ।
5. **ਮੱਥਾ ਲਾਉਣਾ (ਟੱਕਰ ਲੈਣੀ)-** ਦੇਸ਼-ਭਗਤਾਂ ਨੇ ਦੇਸ਼ ਦੀ ਅਜ਼ਾਦੀ ਲਈ ਅੰਗਰੇਜ਼ੀ ਸਾਮਰਾਜ ਨਾਲ਼ ਮੱਥਾ ਲਾ ਲਿਆ।

**ਤਿਆਰ ਕਰਤਾ**
**ਗੁਰਪ੍ਰੀਤ ਸਿੰਘ ਰੂਪਰਾ, ਪੰਜਾਬੀ ਮਾਸਟਰ, 9855800683**
**ਸਮਿਸ ਪੱਖੀ ਖੁਰਦ, ਫ਼ਰੀਦਕੋਟ, roopra.gurpreet@gmail.com**

6. **ਛੇਕੜਲੀ (ਆਖ਼ਰੀ)–** ਚਿਟਕੁਲ ਭਾਰਤ ਦਾ ਛੇਕੜਲਾ ਪਿੰਡ ਹੈ।
7. **ਮੁਜ਼ਾਹਰਾ (ਦਿਖਾਵਾ)–** ਸਰਕਾਰ ਦੀਆਂ ਗ਼ਲਤ ਨੀਤੀਆਂ ਵਿਰੁੱਧ ਮੁਜ਼ਾਹਰੇ ਕਰਨਾ ਲੋਕਾਂ ਦਾ ਹੱਕ ਹੈ।
8. **ਦਾਹ–ਸੰਸਕਾਰ (ਵਿਧੀਵਤ ਢੰਗ ਨਾਲ਼ ਫੂਕੀ ਮੁਰਦਾ ਦੇਹ)–** ਰਾਵੀ ਕਿਨਾਰੇ ਲਾਲਾ ਜੀ ਦਾ ਦਾਹ–ਸੰਸਕਾਰ ਕੀਤਾ ਗਿਆ।

## 3. ਹੇਠ ਲਿਖੇ ਸ਼ਬਦਾਂ ਦੇ ਅੱਗੇ ਕੋਈ ਹੋਰ ਸ਼ਬਦ ਜਾਂ ਸ਼ਬਦਾਂਸ਼ ਲਾ ਕੇ ਨਵੇਂ ਸ਼ਬਦ ਬਣਾਓ :

| | | |
|---|---|---|
| ਕਾਰ | : | ਸਰਕਾਰ |
| ਬਾਣੀ | : | ਗੁਰਬਾਣੀ |
| ਤਾਲ | : | ਸੁਰ–ਤਾਲ |
| ਫ਼ੋਨ | : | ਟੈਲੀਫ਼ੋਨ |
| ਹੋਣੀ | : | ਅਣਹੋਣੀ |
| ਧੜ | : | ਸਿਰ–ਧੜ |
| ਦੇਸੀ | : | ਸਵਦੇਸੀ, ਪਰਦੇਸੀ |

## ਵਿਆਕਰਨ

**ਸੰਬੰਧਕ :** ਜਿਹੜਾ ਸ਼ਬਦ ਵਾਕ ਵਿਚ ਨਾਂਵ, ਪੜਨਾਂਵ ਜਾਂ ਵਿਸ਼ੇਸ਼ਣ–ਸ਼ਬਦ ਦਾ ਇਕ–ਦੂਜੇ ਨਾਲ਼ ਹੋਰਨਾਂ ਸ਼ਬਦਾਂ ਨਾਲ਼ ਸੰਬੰਧ ਪ੍ਰਗਟ ਕਰੇ, ਉਸ ਸ਼ਬਦ ਨੂੰ ਸੰਬੰਧਕ ਕਿਹਾ ਜਾਂਦਾ ਹੈ; ਜਿਵੇਂ :- ਇਹ ਫੁੱਟਬਾਲ਼ ਜਸਵਿੰਦਰ **ਦਾ** ਹੈ।।

**ਸੰਬੰਧਕ ਦੋ ਪ੍ਰਕਾਰ ਦੇ ਹੁੰਦੇ ਹਨ।**

1. **ਪੂਰਨ ਸੰਬੰਧਕ :** ਜਿਹੜੇ ਸ਼ਬਦ ਇਕੱਲੇ ਹੀ ਸੰਬੰਧਕ ਦਾ ਕੰਮ ਕਰਨ, ਉਹਨਾਂ ਨੂੰ ਪੂਰਨ ਸੰਬੰਧਕ ਕਿਹਾ ਜਾਂਦਾ ਹੈ; ਜਿਵੇਂ :- ਲਾਲਾ ਜੀ **ਦੇ** ਨਾਨਕੇ ਸਿੱਖ ਸਨ।
2. **ਅਪੂਰਨ ਸੰਬੰਧਕ :** ਜਿਹੜੇ ਸ਼ਬਦ ਇਕੱਲੇ ਸੰਬੰਧਕ ਦਾ ਕੰਮ ਨਾ ਕਰ ਸਕਣ ਅਤੇ ਪੂਰਨ ਸੰਬੰਧਕ ਨਾਲ਼ ਮਿਲ਼ ਕੇ ਸੰਬੰਧਕ ਬਣਨ, ਉਹਨਾਂ ਨੂੰ ਅਪੂਰਨ ਸੰਬੰਧਕ ਕਿਹਾ ਜਾਂਦਾ ਹੈ; ਜਿਵੇਂ :- ਚੰਡੀਗੜ੍ਹ, ਫ਼ਰੀਦਕੋਟ ਤੋਂ **ਦੂਰ** ਹੈ।



**ਲਾਲਾ ਲਾਜਪਤ ਰਾਏ (ਜਵਾਨੀ ਸਮੇਂ)**



**ਲਾਲਾ ਲਾਜਪਤ ਰਾਏ**

**ਤਿਆਰ ਕਰਤਾ**
**ਗੁਰਪ੍ਰੀਤ ਸਿੰਘ ਰੂਪਰਾ, ਪੰਜਾਬੀ ਮਾਸਟਰ, 9855800683**
**ਸਮਿਸ ਪੱਖੀ ਖੁਰਦ, ਫ਼ਰੀਦਕੋਟ, roopra.gurpreet@gmail.com**